# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 55-58 ਮਿਤੀ: 02.06.2022

O/c


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ,
ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਪ੍ਰਮੁੱਖ ਸਕੱਤਰ

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,

ਪੰਜਾਬ ਸਰਕਾਰ, ਚੰਡੀਗੜ੍ਹ।

ਵਿਸ਼ਾ: ਭਾਸ਼ਾ ਵਿਭਾਗ ਵੱਲੋਂ ਨਵੰਬਰ 2021 ਵਿਚ ਮਨਾਏ 'ਪੰਜਾਬੀ ਮਾਹ' ਦੌਰਾਣ ਖਰਚ ਕੀਤੇ ਗਏ 25.64 ਲੱਖ ਰੁਪਏ, ਕਿਥੇ ਕਿਥੇ ਖਰਚ ਕੀਤੇ ਗਏ, ਬਾਰੇ ਮੰਗੀ ਸੂਚਨਾ ਨੂੰ ਜਾਣ ਬੁੱਝ ਕੇ ਛਪਾਉਣ ਦੇ ਯਤਨਾਂ ਦੀ **ਪੜਤਾਲ, ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀ ਕੋਲੋਂ ਕਰਵਾਏ ਜਾਣ ਦੀ ਬੇਨਤੀ।** **ਹਵਾਲਾ:** ਇਸੇ ਵਿਸ਼ੇ ਨਾਲ ਸਬੰਧਤ ਪੰਜਾਬੀ ਵਿਕਾਸ ਮੰਚ (ਕਾਨੂੰਨੀ) ਵਲੋਂ ਆਪਜੀ ਨੂੰ ਲਿਖਿਆ ਗਿਆ ਪੱਤਰ ਨੰ:22-25 ਮਿਤੀ 06.05.2022।

ਸਤਿਕਾਰਯੋਗ ਮੈਡਮ ਸਹਿਬਾ ਜੀ .

ਪੰਜਾਬੀ ਵਿਕਾਸ ਮੰਚ (ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸੁਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਇਸ ਅਦਾਰੇ ਵਲੋਂ ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਦੇ ਕੰਮ ਕਾਜ ਨਾਲ ਸਬੰਧਤ ਕਈ ਮਸਲੇ ਪਹਿਲਾਂ ਵੀ ਕਈ ਵਾਰ ਆਪ ਜੀ ਦੇ ਧਿਆਨ ਵਿਚ ਲਿਆਂਦੇ ਜਾ ਚੁੱਕੇ ਹਨ।

ਨਿਮਰਤਾ ਸਹਿਤ, ਇਕ ਵਾਰ ਫੇਰ ਕੁੱਝ ਹੋਰ ਮਸਲੇ ਆਪ ਜੀ ਦੇ ਧਿਆਨ ਵਿਚ ਲਿਆਂਦੇ ਜਾ ਰਹੇ ਹਨ।

**ਪੱਤਰ ਵਿਚ ਉਠਾਏ ਗਏ ਗੰਭੀਰ ਮਾਮਲੇ ਦਾ ਪਿਛੋਕੜ**

1. ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੇ ਇਕ ਸੰਚਾਲਕ ਰਜਿੰਦਰਪਾਲ ਸਿੰਘ ਵੱਲੋਂ 'ਸੂਚਨਾ ਦਾ ਅਧਿਕਾਰ ਐਕਟ 2005' ਅਧੀਨ ਇੱਕ ਦਰਖਾਸਤ ਮਿਤੀ 16.03.2022 ਨੂੰ ਭਾਸ਼ਾ ਵਿਭਾਗ ਨੂੰ ਭੇਜ ਕੇ ਸੂਚਨਾ ਅਧਿਕਾਰੀ ਕੋਲੋਂ 'ਪੰਜਾਬੀ ਮਾਹ' ਦੌਰਾਨ, ਵਿਭਾਗ ਵੱਲੋਂ ਖਰਚ ਕੀਤੀ ਗਈ ਰਾਸ਼ੀ ਦਾ ਵੇਰਵਾ ਮੰਗਿਆ ਗਿਆ ਸੀ। ਇਸ ਦਰਖਾਸਤ ਵਿਚ ਸਪੱਸ਼ਟ ਤੌਰ ਤੇ ਲਿਖਿਆ ਗਿਆ ਸੀ **ਕਿ ਇਹ ਸੂਚਨਾ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ।** ਇਹ ਵੀ ਬੇਨਤੀ ਕੀਤੀ ਗਈ ਸੀ ਕਿ ਉਪਲਬਧ ਕਰਵਾਈ ਗਈ

**ਸੂਚਨਾ ਦਾ ਹਰ ਪੰਨਾ ਸਬੰਧਤ ਅਧਿਕਾਰੀ ਵੱਲੋਂ ਤਸਦੀਕ ਕੀਤਾ ਜਾਵੇ।** ਸੂਚਨਾ ਦਾ ਅਧਿਕਾਰ ਐਕਟ 2005 ਦੀਆਂ ਵਿਵਸਥਾਵਾਂ ਅਨੁਸਾਰ, ਸੂਚਨਾ ਅਧਿਕਾਰੀ ਨੂੰ ਮੰਗੀ ਗਈ ਸੂਚਨਾ 30 ਦਿਨਾਂ ਦੇ ਅੰਦਰ

-ਅੰਦਰ ਉਪਲਬਧ ਕਰਵਾਉਣੀ ਜਰੂਰੀ ਹੈ।

(ਅ) ਇਸ ਮਾਮਲੇ ਵਿਚ ਸੂਚਨਾ ਅਧਿਕਾਰੀ ਵੱਲੋਂ ਦਰਖਾਸਤਕਰਤਾ ਦੀਆਂ ਬੇਨਤੀਆਂ ਅਤੇ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਦੀ ਉਲੰਘਣਾ ਕੀਤੀ ਗਈ। ਸੂਚਨਾ ਸਮੇਂ ਸਿਰ ਨਾ ਮਿਲਣ ਕਾਰਨ ਰਜਿੰਦਰਪਾਲ ਸਿੰਘ ਵੱਲੋਂ ਮਿਤੀ 02.05.2022 ਨੂੰ, ਸਾਲ 2005 ਦੇ ਐਕਟ ਦੀ ਧਾਰਾ 18(ਡੀ) ਅਧੀਨ **'ਪੰਜਾਬ ਰਾਜ ਸੂਚਨਾ ਕਮਸ਼ਨ' ਕੋਲ ਸ਼ਿਕਾਇਤ ਦਾਇਰ ਕੀਤੀ ਗਈ।** ਨਿਯਮਾਂ ਅਨੁਸਾਰ, ਇਸ ਸ਼ਿਕਾਇਤ ਦੀ ਪੂਰਵ ਕਾਪੀ, ਉਸੇ ਦਿਨ ਭਾਸ਼ਾ ਵਿਭਾਗ ਨੂੰ ਵੀ ਭੇਜੀ ਗਈ। ਜਾਪਦਾ ਹੈ ਕਿ ਇਹ ਸ਼ਿਕਾਇਤ ਦਾਇਰ ਹੋਣ ਬਾਅਦ ਭਾਸ਼ਾ ਵਿਭਾਗ ਦੇ ਸਬੰਧਤ ਅਫ਼ਸਰ ਹਰਕਤ ਵਿਚ ਆਏ। ਵਿਭਾਗ ਵੱਲੋਂ ਦਰਖਾਸਤਕਰਤਾ ਨੂੰ ਇਸ ਸ਼ਿਕਾਇਤ ਦਾ ਜਵਾਬ ਆਪਣੇ ਪੱਤਰ ਨੰਬਰ 7816 ਮਿਤੀ 18.05.2022 ਰਾਹੀਂ ਦਿੱਤਾ ਗਿਆ। **ਜਵਾਬ ਵਿਚ ਲਿਖਿਆ ਗਿਆ ਕਿ ਇਸ ਦਰਖਾਸਤ ਵਿਚ ਮੰਗਿਆ ਗਿਆ ਰਿਕਾਰਡ, ਦਰਖਾਸਤਕਰਤਾ ਨੂੰ ਪਹਿਲਾਂ ਹੀ ਮਿਤੀ 25.04.2022 ਨੂੰ ਭੇਜ ਦਿੱਤਾ ਗਿਆ ਹੈ।** ਜਾਪਦਾ ਹੈ ਕਿ ਆਪਣੀ ਅਣਗਹਿਲੀ ਨੂੰ ਛੁਪਾਉਣ ਲਈ ਮਹਿਕਮੇ ਵੱਲੋਂ ਸੂਚਨਾ ਪਹਿਲਾਂ ਭੇਜੇ ਜਾਣ ਦੀ ਗਲਤ ਬਿਆਨੀ ਕੀਤੀ ਗਈ ਹੈ।

**ਹੇਠ ਲਿਖੇ ਤੱਥ ਸਪੱਸ਼ਟ ਕਰਦੇ ਹਨ ਕਿ ਸੂਚਨਾ ਮਿਤੀ 25.04.2022 ਨੂੰ ਨਹੀਂ ਭੇਜੀ ਗਈ।**

(i) ਜਿਸ ਅਖਾਉਤੀ ਪੱਤਰ ਮਿਤੀ 25.04.2022 ਰਾਹੀਂ ਸੂਚਨਾ ਭੇਜਣ ਦੀ ਗੱਲ ਆਖੀ ਗਈ ਹੈ ਉਸ ਪੱਤਰ ਤੇ **ਨਾ ਕੋਈ ਡਿਸਪੈਚ ਨੰਬਰ ਲੱਗਿਆ ਹੋਇਆ ਹੈ ਅਤੇ ਨਾ ਹੀ ਪੱਤਰ ਦੀ ਮਿਤੀ** ਦਰਜ ਹੈ। ਇਹ ਦੋਵੇਂ ਤੱਥ ਸ਼ਾਇਦ ਇਸ ਲਈ ਨਹੀਂ ਲਿਖੇ ਗਏ ਕਿਉਂਕਿ ਪਿਛਲੀ ਤਰੀਕ ਵਿਚ, ਰਿਕਾਰਡ ਵਿਚ ਕਟਿੰਗ ਕਰੇ ਬਿਨਾਂ, ਡਿਸਪੈਚ ਨੰਬਰ ਲਾਉਣਾ ਸੰਭਵ ਨਹੀਂ ਸੀ।

(ii) ਮਿਤੀ 25.04.2022 ਵਾਲਾ ਇਹ **ਪੱਤਰ ਰਜਿਸਟਰਡ ਡਾਕ ਰਾਹੀਂ ਨਹੀਂ ਭੇਜਿਆ** ਗਿਆ। ਸ਼ਾਇਦ ਇਸ ਲਈ ਕਿਉਂਕਿ ਪਿਛਲੀ ਤਾਰੀਖ ਵਿਚ, ਪੋਸਟ ਵਿਭਾਗ ਦੇ ਸਹਿਯੋਗ ਬਿਨਾਂ ਚਿੱਠੀ ਰਜਿਸਟਰਡ ਪੋਸਟ ਰਾਹੀਂ ਨਹੀਂ ਸੀ ਭੇਜੀ ਜਾ ਸਕਦੀ।

(iii) ਅਖਾਉਤੀ ਪੱਤਰ ਮਿਤੀ 25.04.2022 ਰਾਹੀਂ, ਸਧਾਰਨ ਡਾਕ ਰਾਹੀਂ ਭੇਜੀ ਗਈ ਕੁਝ ਸੂਚਨਾ ਵੀ, ਦਰਖਾਸਤਕਰਤਾ ਨੂੰ ਇਸ ਪੱਤਰ ਦੀ ਮਿਤੀ ਦੇ ਕਰੀਬ 20 ਦਿਨਾਂ ਬਾਅਦ ਪ੍ਰਾਪਤ ਹੋਈ ਹੈ। ਚਿੱਠੀ ਦੇ ਲੇਟ ਮਿਲਨ ਦਾ ਕਾਰਨ ਇਸਦਾ ਲੇਟ ਪੋਸਟ ਕਰਨਾ ਹੀ ਹੋ ਸਕਦਾ ਹੈ।

(iv) ਅਖਾਉਤੀ ਪੱਤਰ ਰਾਹੀਂ ਭੇਜੀ ਗਈ ਸੂਚਨਾ ਕਿਸੇ ਵੀ ਸਬੰਧਤ **ਅਧਿਕਾਰੀ ਵੱਲੋਂ ਤਸਦੀਕ ਨਹੀਂ ਕੀਤੀ ਗਈ।**

**ਅਧਿਕਾਰੀਆਂ ਦੀ ਗਲਤ ਬਿਆਨੀ**

(v) ਅਖਾਉਤੀ ਪਤਰ ਵਿਚ ਲਿਖਿਆ ਗਿਆ ਹੈ ਕਿ ਦਰਖਾਸਤਕਰਤਾ ਵੱਲੋਂ ਆਪਣੀ ਅਰਜ਼ੀ ਮਿਤੀ 16.03.2022 ਦੇ ਲੜੀ ਨੰ:4 ਤੋਂ 9 ਰਾਹੀਂ ਜੋ ਸੂਚਨਾ ਮੰਗੀ ਗਈ ਹੈ ਉਹ ਅਨੁਲੱਗ-3 ਵਿਚ ਸ਼ਾਮਲ ਹੈ। **ਅਨੁਲੱਗ-3 ਵਿਚ ਉਪਲਬਧ ਕਰਵਾਈ ਗਈ ਸੂਚਨਾ ਮਾਮੂਲੀ ਜਿਹੀ ਅਤੇ ਅਧੂਰੀ ਹੈ।** ਦਰਖਾਸਤਕਰਤਾ ਵੱਲੋਂ ਆਪਣੀ ਅਰਜ਼ੀ ਦੇ ਲੜੀ ਨੰ:4 ਤੋਂ 9

ਵਿਚ ਜੋ ਸੂਚਨਾ ਮੰਗੀ ਗਈ ਸੀ ਉਸ ਵਿਚੋਂ ਕੋਈ ਵੀ ਸੂਚਨਾ ਅਨੁਲੱਗ-3 ਵਿਚ ਸ਼ਾਮਲ ਨਹੀਂ ਹੈ। ਸਪਸ਼ਟ ਹੈ ਕਿ ਤੱਥ ਛਪਾਉਣ ਲਈ, ਚਿੱਠੀ ਲਿਖਣ ਵਾਲੇ ਅਧਿਕਾਰੀ ਵੱਲੋਂ ਲੜੀ ਨੰ:4 ਤੋਂ 9 ਵਿਚ ਮੰਗੀ ਸੂਚਨਾ ਉਪਲਬਧ ਕਰਵਾਏ ਜਾਣ ਬਾਰੇ ਗਲਤ ਬਿਆਨੀ ਕੀਤੀ ਗਈ ਹੈ।

**ਭਾਸ਼ਾ ਵਿਭਾਗ ਵੱਲੋਂ ਸਮਾਗਮਾਂ ਤੇ ਕੀਤੀ ਗਈ ਫ਼ਜ਼ੂਲ ਖ਼ਰਚੀ ਬਿਆਨਦੇ ਤੱਥ:**

(i) ਭਾਸ਼ਾ ਵਿਭਾਗ ਵੱਲੋਂ ਉਪਲਭਦ ਕਰਵਾਈ ਗਈ ਸੂਚਨਾ ਅਨੁਸਾਰ 'ਪੰਜਾਬੀ ਮਾਹ' ਦੌਰਾਨ ਕਰਵਾਏ ਗਏ ਸਮਾਗਮਾਂ ਲਈ ਵਿਭਾਗ ਵਲੋਂ **25.64 ਲੱਖ ਰੁਪਏ ਖਰਚ ਕੀਤੇ** ਗਏ। ਇਸ ਸੂਚਨਾ ਅਨੁਸਾਰ, ਇਸ ਰਕਮ ਵਿਚੋਂ **ਵੱਡੀ ਰਕਮ ਮਹਿਮਾਨਾਂ ਨੂੰ ਖਾਣਾ ਖਵਾਉਣ ਅਤੇ ਮਾਣ-ਭੱਤੇ ਆਦਿ ਦੇਣ ਤੇ ਖਰਚ** ਕੀਤੀ ਗਈ। ਦਰਖਾਸਤਕਰਤਾ ਜਾਨਣਾ ਚਾਹੁੰਦਾ ਸੀ ਕਿ ਇੰਨਾ ਮਹਿੰਗਾ ਖਾਣਾ ਖਾਣ ਵਾਲੇ ਮਹਿਮਾਨ ਕੌਣ ਸਨ? ਦਰਖਾਸਤਕਰਤਾ ਸਪੱਸ਼ਟ ਰੂਪ ਵਿਚ, **ਸਮਾਗਮ ਵਿਚ ਸ਼ਾਮਲ ਹੋਏ ਵਿਅਕਤੀਆਂ ਦੇ ਨਾਵਾਂ ਬਾਰੇ ਸੂਚਨਾ** ਚਾਹੁੰਦਾ ਸੀ। ਪਰ ਭਾਸ਼ਾ ਵਿਭਾਗ ਵੱਲੋਂ ਇਹ ਮਹੱਤਵਪੂਰਣ **ਸੂਚਨਾ ਛੁਪਾ ਲਈ ਗਈ।**

(ii) ਸਾਹਿਤਕਾਰਾਂ ਨੂੰ ਹਮੇਸ਼ਾਂ ਹੀ ਭਾਸ਼ਾ ਵਿਭਾਗ ਤੇ ਗਿਲ਼ਾ ਰਿਹਾ ਹੈ ਕਿ ਵਿਭਾਗ ਆਪਣੇ ਸਮਾਗਮਾਂ ਵਿਚ ਪ੍ਰਧਾਨਗੀ ਆਦਿ ਲਿਈ ਕੁਝ ਚੁਣਵੇਂ ਵਿਦਵਾਨ ਹੀ ਬੁਲਾਉਂਦਾ ਹੈ। ਇਸ ਇਤਰਾਜ਼ ਦਾ ਸੱਚ ਜਾਨਣ ਲਈ ਦਰਖਾਸਤਕਰਾਤ ਵਲੋਂ ਪੁਛਿਆ ਗਿਆ ਸੀ ਕਿ ਇਸ **ਮਾਹ ਦੌਰਾਨ ਵਿਭਾਗ ਵਲੋਂ ਕਿਹੜੇ-ਕਿਹੜੇ ਸਾਹਿਤਕਾਰਾਂ, ਕਲਾਕਾਰਾਂ ਆਦਿ ਨੂੰ ਪ੍ਰਧਾਨਗੀ, ਰੂ-ਬ-ਰੂ ਆਦਿ ਲਈ ਬੁਲਾਇਆ ਗਿਆ**? ਆਪਣੀ ਅਰਜ਼ੀ ਵਿਚ ਦਰਖਾਸਤਕਰਤਾ ਵੱਲੋਂ ਇਨਾਂ ਤੱਥਾਂ ਦੀ ਸੂਚਨਾ ਸਪੱਸ਼ਟ ਸ਼ਬਦਾਂ ਵਿਚ ਮੰਗੀ ਗਈ ਸੀ। ਸ਼ਾਇਦ ਆਪਣੇ ਪਰੱਤਖ ਪਖ-ਪਾਤ ਨੂੰ ਛਪਾਉਣ ਲਈ ਭਾਸ਼ਾ ਵਿਭਾਗ ਵੱਲੋਂ **ਇਹ ਸੂਚਨਾ ਉਪਲਬਧ ਕਰਵਾਉਣ ਤੋਂ ਗੁਰੇਜ਼ ਕੀਤਾ ਗਿਆ।**

(iii) ਭਾਸ਼ਾ ਵਿਭਾਗ ਵੱਲੋਂ ਇਨ੍ਹਾਂ ਸਮਾਗਮਾਂ ਵਿਚ ਬੁਲਾਏ ਗਏ ਮਹਿਮਾਨਾਂ ਆਦਿ ਨੂੰ **ਮਾਣ-ਭੱਤਾ ਦੇਣ ਲਈ ਲੱਖਾਂ ਰੁਪਏ ਖਰਚ ਕੀਤੇ** ਗਏ। ਆਪਣੀ ਇਸ ਅਰਜ਼ੀ ਰਾਹੀਂ ਦਰਖਾਸਤਕਰਤਾ, **ਇਹ ਮਾਣ-ਭੱਤੇ ਕਿਸ ਕਿਸ ਸ਼ਖਸ਼ੀਅਤ ਨੂੰ ਦਿੱਤੇ ਗਏ**? ਇਹ ਜਾਣਨਾ ਚਾਹੁੰਦਾ ਹੈ ਪਰ ਵਿਭਾਗ ਵੱਲੋਂ ਇਹ **ਸੂਚਨਾ ਵੀ ਛੁਪਾਉਣ ਦਾ ਯਤਨ** ਕੀਤਾ ਜਾ ਰਿਹਾ ਹੈ।

ਮੰਚ ਵਲੋਂ ਸਨਿਮਰ ਬੇਨਤੀ ਹੈ ਕਿ:

(ੳ) **ਪੰਜਾਬ ਸਰਕਾਰ ਦੇ ਕਿਸੇ ਸੀਨੀਅਰ ਅਧਿਕਾਰੀ (ਜੋ ਭਾਸ਼ਾ ਵਿਭਾਗ ਨਾਲ ਸਬੰਧਤ ਨਾ ਹੋਵੇ) ਰਾਹੀਂ ਪੜਤਾਲ ਕਰਵਾਈ** ਜਾਵੇ ਕਿ:

(i) ਕੀ ਸੱਚਮੁਚ, ਲੋਕ ਸੂਚਨਾ ਅਧਿਕਾਰੀ ਵੱਲੋਂ, ਦਰਖਾਸਤਕਰਤਾ ਨੂੰ **ਕੋਈ ਪੱਤਰ ਮਿਤੀ 25.04.2022 ਨੂੰ ਹੀ ਲਿਖਿਆ** ਗਿਆ ਸੀ?

(ii) ਲੋਕ ਸੂਚਨਾ ਅਧਿਕਾਰੀ ਅਤੇ ਭਾਸ਼ਾ ਵਿਭਾਗ ਦੇ ਹੋਰ ਸਬੰਧਤ ਅਧਿਕਾਰੀਆਂ ਵੱਲੋਂ ਦਰਖਾਸਤਕਰਤਾ ਦੀ ਦਰਖਾਸਤ ਦੇ ਲੜੀ ਨੰ:4 ਤੋਂ 9 ਵਿਚ ਮੰਗੀ ਗਈ **ਮਹੱਤਵਪੂਰਨ ਸੂਚਨਾ ਅਨੁਲੱਗ-3 ਵਿਚ ਉਪਲਬਧ ਕਰਵਾਉਣ ਬਾਰੇ ਗਲਤਬਿਆਨੀ ਕਿਉਂ** ਅਤੇ ਕਿਸ ਉਦੇਸ਼ ਨਾਲ ਕੀਤੀ ਗਈ?

(ਅ) ਦਰਖਾਸਤਕਰਤਾ ਦੀ ਦਰਖਾਸਤ ਦੀ ਲੜੀ ਨੰ:4 ਤੋਂ 9 ਵਿਚ ਦਰਜ **ਸੂਚਨਾ, ਦਰਖਾਸਤਕਰਤਾ ਨੂੰ ਤੁਰੰਤ ਉਪਲਬਧ ਕਰਾਉਣ ਦੇ ਹੁਕਮ ਜਾਰੀ ਕੀਤੇ ਜਾਣ।**

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

ਪ੍ਰਾਰਥੀ

(ਦਵਿੰਦਰ ਸਿੰਘ ਸੇਖਾ)` (ਰਜਿੰਦਰਪਾਲ ਸਿੰਘ)

ਉਪਰੋਕਤ ਦਾ ਉਤਾਰਾ, ਹੇਠ ਲਿਖਿਆਂ ਸ਼ਖਸ਼ੀਅਤਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
2. ਮੁੱਖ ਸਕੱਤਰ ਸਹਿਬ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in
3. ਮੰਤਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ।

   punjabeducationminister@gmail.com